[Punjabi]

ਅਕਤੂਬਰ 2018

ਕਿੰਡਰਗਾਰਟਨ ਤੋਂ ਗ੍ਰੇਡ 3 ਦੇ ਵਿਦਿਆਰਥੀਆਂ ਦੇ ਪਿਆਰੇ ਮਾਤਾ-ਪਿਤਾ/ਸਰਪ੍ਰਸਤ,

ਪੀਲ ਡਿਸਟ੍ਰਿਕਟ ਸਕੂਲ ਬੋਰਡ ਵਿਖੇ, ਅਸੀਂ ਸਭ ਤੋਂ ਵਧੀਆ ਸਿੱਖਣ ਦਾ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹਾਂ ਤਾਂ ਕਿ *ਸਾਰੇ* ਵਿਦਿਆਰਥੀ ਨਿੱਜੀ ਉੱਤਮਤਾ ਪ੍ਰਾਪਤ ਕਰ ਸਕਣ। ਅਜਿਹਾ ਕਰਨ ਲਈ, ਸਾਨੂੰ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਲੋੜਾਂ ਨੂੰ ਅਸਲ ਵਿੱਚ ਸਮਝਣਾ ਚਾਹੀਦਾ ਹੈ। ਇਸ ਕੰਮ ਵਿਚ ਸਾਡੀ ਮਦਦ ਕਰਨ ਲਈ, ਅਸੀਂ ਇਹ ਐਲਾਨ ਕਰਨ ਲਈ ਉਤਸੁਕ ਹਾਂ ਕਿ ਅਗਲੇ ਮਹੀਨੇ ਅਸੀਂ ਆਪਣੀ ਪਹਿਲੀ *ਵਿਦਿਆਰਥੀ ਗਣਨਾ*ਸ਼ੁਰੂ ਕਰਾਂਗੇ।

ਨਵੰਬਰ ਵਿਚ, ਕਿੰਡਰਗਾਰਟਨ ਤੋਂ ਗ੍ਰੇਡ 3 ਦੇ ਵਿਦਿਆਰਥੀਆਂ ਦੇ ਮਾਪਿਆਂ/ਸਰਪ੍ਰਸਤਾਂ ਨੂੰ ਉਹਨਾਂ ਦੇ ਬੱਚੇ (ਬੱਚਿਆਂ) ਦੀ ਤਰਫ਼ੋਂ ਭਰਨ ਲਈ *ਵਿਦਿਆਰਥੀ ਗਣਨਾ* ਪ੍ਰਾਪਤ ਹੋਵੇਗੀ। ਬਹੁਤੇ ਪਰਿਵਾਰਾਂ ਨੂੰ ਉਸੇ ਲਿਫਾਫੇ ਵਿੱਚ ਪ੍ਰਸ਼ਨਾਵਲੀ ਪ੍ਰਾਪਤ ਹੋਵੇਗੀ ਜਿਸ ਵਿਚ ਉਹਨਾਂ ਦੇ ਬੱਚੇ ਦੀ ਪ੍ਰਗਤੀ ਰਿਪੋਰਟ ਹੁੰਦੀ ਹੈ। ਜੇ ਤੁਹਾਨੂੰ ਨਵੰਬਰ ਦੇ ਮੱਧ ਤਕ ਇਕ ਕਾਪੀ ਨਹੀਂ ਮਿਲਦੀ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ।

ਪ੍ਰਸ਼ਨਾਵਲੀ ਨੂੰ ਪੂਰਾ ਕਰਨ ਲਈ ਲਗਭਗ 30 ਮਿੰਟ ਲੱਗਣਗੇ। ਜੇ ਤੁਹਾਡੇ ਕਿੰਡਰਗਾਰਟਨ ਤੋਂ ਲੈ ਕੇ ਗ੍ਰੇਡ 3 ਤਕ ਕਈ ਬੱਚੇ ਹਨ, ਤਾਂ ਤੁਹਾਨੂੰ ਹਰੇਕ ਬੱਚੇ ਲਈ ਵੱਖਰੀ ਪ੍ਰਸ਼ਨਾਵਲੀ ਭਰਨ ਲਈ ਕਿਹਾ ਜਾਵੇਗਾ। ਗਣਨਾ ਦੇ ਅਨੁਵਾਦਿਤ ਸੰਸਕਰਣ ਤੁਹਾਡੇ ਬੱਚੇ ਦੇ ਸਕੂਲ ਜਾਂ ਪੀਲ ਬੋਰਡ ਦੀ ਵੈਬਸਾਈਟ 'ਤੇ ਵੀ ਉਪਲਬਧ ਹੋਣਗੇ: www.peelschools.org/studentcensus

ਗਣਨਾ ਦੇ ਨਤੀਜੇ ਬੋਰਡ ਅਤੇ ਸਾਡੇ ਸਕੂਲਾਂ ਦੀ ਇਸ ਵਿੱਚ ਸਹਾਇਤਾ ਕਰਨਗੇ:

- ਵਿਦਿਆਰਥੀਆਂ ਦੀ ਆਬਾਦੀ ਅਤੇ ਸਕੂਲ ਦੇ ਭਾਈਚਾਰਿਆਂ ਨੂੰ ਬਿਹਤਰ ਸਮਝਣ ਵਿੱਚ
- ਵਿਦਿਆਰਥੀ ਸਫਲਤਾ, ਸਮਾਵੇਸ਼ਨ ਅਤੇ ਕਲਿਆਣ ਲਈ ਰੁਕਾਵਟਾਂ ਦੀ ਪਛਾਣ ਕਰਨਾ ਅਤੇ ਖ਼ਾਤਮਾ ਕਰਨ ਵਿੱਚ
- ਪ੍ਰਭਾਵਸ਼ਾਲੀ ਪ੍ਰੋਗਰਾਮਾਂ ਨੂੰ ਸਥਾਪਤ ਕਰਨ ਅਤੇ ਉਹਨਾਂ ਸੰਸਾਧਨਾਂ ਨੂੰ ਉੱਥੇ ਮੁੜ ਨਿਰਧਾਰਿਤ ਕਰਨ ਵਿੱਚ ਜਿੱਥੇ ਉਹਨਾਂ ਦੀ ਸਭ ਤੋਂ ਜ਼ਿਆਦਾ ਲੋੜ ਹੈ

*ਵਿਦਿਆਰਥੀ ਗਣਨਾ* ਗੁਪਤ ਹੈ, ਪਰ ਇਹ ਬੇਨਾਮ ਨਹੀਂ ਹੈ। ਸਾਰੇ ਇਕੱਤਰ ਕੀਤੇ ਜਵਾਬਾਂ ਨੂੰ ਇੱਕ ਸੁਰੱਖਿਅਤ, ਗੁਪਤ ਡੇਟਾਬੇਸ ਵਿੱਚ ਸਟੋਰ ਕੀਤਾ ਜਾਵੇਗਾ ਅਤੇ ਪੀਲ ਵਿਦਿਆਰਥੀਆਂ ਦੇ ਵਿੱਚ ਰੁਝਾਨਾਂ ਨੂੰ ਪਛਾਣਨ ਅਤੇ ਖੁਲਾਸਾ ਕਰਨ ਲਈ ਕੇਵਲ ਅਧਿਕਾਰਤ ਖੋਜ ਸਟਾਫ ਦੁਆਰਾ ਹੀ ਐਕਸੈਸ ਕੀਤਾ ਜਾਵੇਗਾ। ਮਾਪਿਆਂ ਦੀਆਂ ਵਿਅਕਤੀਗਤ ਪ੍ਰਸ਼ਨਾਵਲੀਆਂ ਦਾ ਵਿਸ਼ਲੇਸ਼ਣ ਨਹੀਂ ਕੀਤਾ ਜਾਵੇਗਾ। ਪੀਲ ਬੋਰਡ ਵਿਦਿਆਰਥੀਆਂ ਬਾਰੇ ਜਾਣਕਾਰੀ ਇੱਕਤਰ ਕਰਨ ਲਈ ਗੋਪਨੀਯਤਾ ਅਤੇ ਗੁਪਤਤਾ ਦੇ ਸਭ ਤੋਂ ਉੱਚੇ ਪੱਧਰ ਲਈ ਵਚਨਬੱਧ ਹੈ ਅਤੇ ਮਿਊਨਿਸਿਪਲ ਫ੍ਰੀਡਮ ਔਫ਼ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ (ਐਮਐਫਆਈਪੀਪੀਏ-MFIPPA) ਵਿੱਚ ਦਰਸਾਈਆਂ ਸਾਰੀਆਂ ਗੋਪਨੀਯਤਾ ਦੀਆਂ ਸ਼ਰਤਾਂ ਦੀ ਪਾਲਣਾ ਕਰਦਾ ਹੈ। *ਵਿਦਿਆਰਥੀ ਗਣਨਾ* ਦੁਆਰਾ ਇਕੱਤਰ ਕੀਤੀ ਗਈ ਜਾਣਕਾਰੀ ਕੇਵਲ ਵਿੱਦਿਆ ਅਤੇ ਖੋਜ ਦੇ ਉਦੇਸ਼ਾਂ ਲਈ ਸਿੱਖਿਆ ਅਧਿਨਿਯਮ (ਆਰ.ਐੱਸ.ਓ. 1990, ਸੀ. ਈ. 2, ਸੋਧਿਆ ਗਿਆ) ਦੇ ਕਾਨੂੰਨੀ ਅਧਿਕਾਰ ਦੇ ਅਧੀਨ ਇਕੱਤਰ ਕੀਤੀ ਜਾਂਦੀ ਹੈ।

*ਵਿਦਿਆਰਥੀ ਗਣਨਾ* ਵਿਚ ਹਿੱਸਾ ਲੈਣਾ ਸਵੈ-ਇੱਛਤ ਹੈ। ਹਾਲਾਂਕਿ, ਇਸ ਗੱਲ ਵੱਲ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਪੂਰਤੀ ਦੀ ਦਰ ਜਿੰਨੀ ਉੱਚੀ ਹੋਵੇਗੀ, ਸਕੂਲ ਵਿੱਚ ਸੁਧਾਰ ਅਤੇ ਪ੍ਰੋਗਰਾਮ ਦੀ ਯੋਜਨਾਬੰਦੀ ਲਈ ਜਾਣਕਾਰੀ ਵੱਧ ਸਮ੍ਰਿੱਧ ਅਤੇ ਵੱਧ ਭਰੋਸੇਮੰਦ ਹੋਵੇਗੀ।

ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਇਸ ਪੱਤਰ ਦੇ ਪਿੱਛੇ ਤੱਥ ਸ਼ੀਟ ਦੀ ਸਮੀਖਿਆ ਕਰੋ। ਤੁਸੀਂ www.peelschools.org/studentcensus 'ਤੇ ਵੀ ਜਾ ਸਕਦੇ ਹੋ ਜਾਂ ਪੀਲ ਬੋਰਡ ਦੇ ਰਿਸਰਚ ਐਂਡ ਅਕਾਊਂਟੇਬਲਿਲਿਟੀ ਡਿਪਾਰਟਮੈਂਟ ਨਾਲ 905-890-1010 ਐਕਸਟੈਂਸ਼ਨ 3523 ਤੇ ਜਾਂ studentcensus@peelsb.comਤੇ ਸੰਪਰਕ ਕਰ ਸਕਦੇ ਹੋ।

ਹਮੇਸ਼ਾ ਵਾਂਗ, ਅਸੀਂ ਤੁਹਾਡੇ ਲਗਾਤਾਰ ਸਮਰਥਨ ਲਈ ਤੁਹਾਡਾ ਧੰਨਵਾਦ ਕਰਦੇ ਹਾਂ ਜਿਵੇਂ ਅਸੀਂ ਹਰ ਵਿਦਿਆਰਥੀ ਦੀ ਸਫਲਤਾ, ਵਿਸ਼ਵਾਸ ਅਤੇ ਆਸ ਨੂੰ ਪ੍ਰੇਰਤ ਕਰਦੇ ਹਾਂ।



ਪੀਟਰ ਜੋਸ਼ੂਆ - Peter Joshua
ਸਿੱਖਿਆ ਦੇ ਡਾਇਰੈਕਟਰ (Director of Education)

# ਅਕਸਰ ਪੁੱਛੇ ਜਾਣ ਵਾਲੇ ਸਵਾਲ

STUDENT CENSUS
Count Me In Peel

### ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ *ਵਿਦਿਆਰਥੀਆਂ ਦੀ ਗਣਨਾ* ਦਾ ਮਕਸਦ ਕੀ ਹੈ?

ਗਣਨਾ ਦੇ ਨਤੀਜੇ ਬੋਰਡ ਅਤੇ ਸਾਡੇ ਸਕੂਲਾਂ ਦੀ ਇਸ ਵਿੱਚ ਸਹਾਇਤਾ ਕਰਨਗੇ:

- ਵਿਦਿਆਰਥੀਆਂ ਦੀ ਆਬਾਦੀ ਅਤੇ ਸਕੂਲ ਦੇ ਭਾਈਚਾਰਿਆਂ ਨੂੰ ਬਿਹਤਰ ਸਮਝਣ ਵਿੱਚ
- ਵਿਦਿਆਰਥੀ ਸਫਲਤਾ, ਸਮਾਵੇਸ਼ਨ ਅਤੇ ਕਲਿਆਣ ਲਈ ਰੁਕਾਵਟਾਂ ਦੀ ਪਛਾਣ ਕਰਨਾ ਅਤੇ ਖ਼ਾਤਮਾ ਕਰਨ ਵਿੱਚ
- ਪ੍ਰਭਾਵਸ਼ਾਲੀ ਪ੍ਰੋਗਰਾਮਾਂ ਨੂੰ ਸਥਾਪਤ ਕਰਨ ਅਤੇ ਉਹਨਾਂ ਸੰਸਾਧਨਾਂ ਨੂੰ ਉੱਥੇ ਮੁੜ ਨਿਰਧਾਰਿਤ ਕਰਨ ਵਿੱਚ ਜਿੱਥੇ ਉਹਨਾਂ ਦੀ ਸਭ ਤੋਂ ਜ਼ਿਆਦਾ ਲੋੜ ਹੈ

### *ਵਿਦਿਆਰਥੀ ਗਣਨਾ* ਵਿਚ ਕਿਸ ਤਰ੍ਹਾਂ ਦੇ ਪ੍ਰਸ਼ਨ ਸ਼ਾਮਲ ਕੀਤੇ ਜਾਂਦੇ ਹਨ?

*ਵਿਦਿਆਰਥੀ ਗਣਨਾ* ਵਿਚ ਵਿਦਿਆਰਥੀ ਦੀ ਪਛਾਣ, ਪਰਿਵਾਰਕ ਵਿਸ਼ੇਸ਼ਤਾਵਾਂ, ਸਕੂਲ ਦੇ ਅਨੁਭਵਾਂ ਅਤੇ ਵਿਦਿਆਰਥੀ ਕਲਿਆਣ ਬਾਰੇ ਲਗਭਗ 30 ਬਹੁ-ਚੋਣ ਸਵਾਲ ਸ਼ਾਮਲ ਹੁੰਦੇ ਹਨ।

### ਕੀ ਮੈਨੂੰ ਗਣਨਾ ਤੇ ਹਰ ਸਵਾਲ ਦਾ ਜਵਾਬ ਦੇਣ ਦੀ ਲੋੜ ਹੈ?

*ਵਿਦਿਆਰਥੀ ਗਣਨਾ* ਵਿਚ ਹਿੱਸਾ ਲੈਣਾ ਸਵੈ-ਇੱਛਤ ਹੈ। ਤੁਸੀਂ ਸਵਾਲਾਂ ਨੂੰ ਛੱਡਣ ਦੀ ਚੋਣ ਕਰ ਸਕਦੇ ਹੋ ਜੇ ਤੁਸੀਂ ਜਵਾਬ ਪ੍ਰਦਾਨ ਨਹੀਂ ਕਰਨਾ ਚਾਹੁੰਦੇ, ਜਾਂ ਬਿਲਕੁਲ ਹੀ ਭਾਗ ਨਾ ਲੈਣ ਦੀ ਚੋਣ ਕਰ ਸਕਦੇ ਹੋ/ਪਰ, ਇਸ ਗੱਲ ਵੱਲ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਪੂਰਤੀ ਦੀ ਦਰ ਜਿੰਨੀ ਉੱਚੀ ਹੋਵੇਗੀ, ਸਕੂਲ ਵਿੱਚ ਸੁਧਾਰ ਅਤੇ ਪ੍ਰੋਗਰਾਮ ਦੀ ਯੋਜਨਾਬੰਦੀ ਲਈ ਜਾਣਕਾਰੀ ਵੱਧ ਸਮ੍ਰਿੱਧ ਅਤੇ ਵੱਧ ਭਰੋਸੇਮੰਦ ਹੋਵੇਗੀ।

### ਮੇਰੇ ਕਿੰਡਰਗਾਰਟਨ ਤੋਂ ਲੈ ਕੇ ਗ੍ਰੇਡ 3 ਤਕ ਕਈ ਬੱਚੇ ਹਨ। ਕੀ ਮੈਨੂੰ ਹਰੇਕ ਵਿਦਿਆਰਥੀ ਲਈ ਵੱਖਰੀ ਗਣਨਾ ਭਰਨ ਦੀ ਲੋੜ ਹੈ?

ਹਾਂ, ਤੁਹਾਨੂੰ ਹਰੇਕ ਬੱਚੇ ਲਈ ਵੱਖਰੀ ਗਣਨਾ ਭਰਨ ਦੀ ਜ਼ਰੂਰਤ ਹੋਏਗੀ। ਹਰੇਕ ਪ੍ਰਸ਼ਨਾਵਲੀ ਦਾ ਇਕ ਵਿਲੱਖਣ, ਵਿਸ਼ੇਸ਼ ਕੋਡ ਹੁੰਦਾ ਹੈ ਜੋ ਹਰ ਵਿਦਿਆਰਥੀ ਦੀ ਆਈਡੀ ਨਾਲ ਜੁੜਿਆ ਹੁੰਦਾ ਹੈ।

### ਜਦੋਂ ਮੈਂ ਪ੍ਰਸ਼ਨਾਵਲੀ ਭਰਦਾ/ਦੀ ਹਾਂ ਤਾਂ ਕੀ ਮੇਰੇ ਬੱਚੇ ਨੂੰ ਮੌਜੂਦ ਹੋਣ ਦੀ ਜ਼ਰੂਰਤ ਹੁੰਦੀ ਹੈ?

*ਵਿਦਿਆਰਥੀ ਗਣਨਾ* ਦਾ ਉਦੇਸ਼ ਸਾਰੇ ਵਿਦਿਆਰਥੀਆਂ ਦੀ ਆਵਾਜ਼ ਨੂੰ ਹਾਸਲ ਕਰਨਾ ਹੈ। ਤੁਹਾਨੂੰ ਆਪਣੇ ਬੱਚੇ ਦੇ ਵਿਚਾਰਾਂ ਅਤੇ ਅਨੁਭਵਾਂ ਨੂੰ ਹਾਸਲ ਕਰਨ ਲਈ ਆਪਣੇ ਬੱਚੇ ਨਾਲ ਗਣਨਾ ਨੂੰ ਪੂਰਾ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

### ਮੇਰੇ ਜਵਾਬ ਗੁਪਤ ਕਿਵੇਂ ਰੱਖੇ ਜਾਣਗੇ?

ਤੁਹਾਡੀ ਗਣਨਾ ਪ੍ਰਸ਼ਨਾਵਲੀ ਵਿੱਚ ਤੁਹਾਡੇ ਬੱਚੇ ਦੇ ਨਾਮ ਦੇ ਨਾਲ ਇੱਕ ਸੰਮਿਲਨ ਸ਼ਾਮਲ ਹੋਵੇਗਾ - ਇਹ ਤੁਹਾਡੇ ਬੱਚੇ ਦੇ ਨਾਮ ਜਾਂ ਕਿਸੇ ਹੋਰ ਪਛਾਣਨਯੋਗ ਜਾਣਕਾਰੀ ਵਾਲਾ ਇੱਕਲਾ ਪੰਨਾ ਹੋਵੇਗਾ। ਗਣਨਾ ਦੇ ਨਾਲ ਪ੍ਰਦਾਨ ਕੀਤੀਆਂ ਗਈਆਂ ਹਦਾਇਤਾਂ ਤੁਹਾਨੂੰ ਆਪਣੀ ਮੁਕੰਮਲ ਗਣਨਾ ਨੂੰ ਇੱਕ ਲਿਫ਼ਾਫ਼ੇ ਵਿੱਚ ਰੱਖਣ ਅਤੇ ਇਸ ਨੂੰ ਸੀਲ ਕਰਨ ਤੋਂ ਪਹਿਲਾਂ ਇਸ ਸੰਮਿਲਨ ਨੂੰ ਹਟਾਉਣ ਲਈ ਕਹਿਣਗੀਆਂ। ਇਹ ਸੀਲ ਕੀਤੇ ਲਿਫ਼ਾਫ਼ੇ ਹਰ ਸਕੂਲ ਦੁਆਰਾ ਪੀਲ ਬੋਰਡ ਦੁਆਰਾ ਨਿਯੁਕਤ ਕੀਤੀ ਗਈ ਇੱਕ ਸੁਰੱਖਿਅਤ, ਬਾਹਰੀ ਕੰਪਨੀ ਨੂੰ ਸਕੈਨ ਕਰਨ ਅਤੇ ਪ੍ਰਤੀਕਿਰਿਆਵਾਂ ਨੂੰ ਪ੍ਰੋਸੈਸ ਕਰਨ ਲਈ ਭੇਜੇ ਜਾਣਗੇ। ਇਹ ਗੁਪਤ ਡੇਟਾਬੇਸ ਨੂੰ ਖੋਜ ਵਿਭਾਗ ਦੁਆਰਾ ਕੇਵਲ ਵਿਸ਼ਲੇਸ਼ਣ ਅਤੇ ਖੋਜ ਦੇ ਉਦੇਸ਼ਾਂ ਲਈ ਉਪਯੋਗ ਕੀਤਾ ਜਾਵੇਗਾ। ਇਹ ਕਦਮ ਮਿਊਨਿਿਸਿਪਲ ਫ੍ਰੀਡਮ ਔਫ਼ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ (ਐਮਐਫਆਈਪੀਪੀਏ) ਦੀ ਪਾਲਣਾ ਕਰਦੇ ਹਨ।

### ਇੱਕ ਗੁਪਤ ਗਣਨਾ ਅਤੇ ਇੱਕ ਗੁਮਨਾਮ ਗਣਨਾ ਵਿੱਚ ਕੀ ਅੰਤਰ ਹੈ?

*ਵਿਦਿਆਰਥੀ ਗਣਨਾ* ਗੁਪਤ ਹੈ, ਪਰ ਇਹ ਬੇਨਾਮ ਨਹੀਂ ਹੈ। ਗਣਨਾ ਪ੍ਰਸ਼ਨਾਵਲੀਆਂ ਨੂੰ ਹਰੇਕ ਵਿਦਿਆਰਥੀ ਦੇ ਆਈਡੀ ਨੰਬਰ ਨਾਲ ਜੁੜੇ ਵਿਲੱਖਣ ਕੋਡ ਨਾਲ ਲੇਬਲ ਕੀਤਾ ਜਾਂਦਾ ਹੈ। ਇਹ ਵਿਲੱਖਣ ਕੋਡ ਬੋਰਡ ਦੇ ਰਿਸਰਚ ਡਿਪਾਰਟਮੈਂਟ ਵੱਲੋਂ ਪਿਛਲੀ ਇਕੱਠੀ ਕੀਤੀ ਜਾਣਕਾਰੀ (ਉਦਾਹਰਣ, ਭਾਸ਼ਾ, ਘਰ, ਗ੍ਰੇਡ ਆਦਿ) ਦਾ ਉਪਯੋਗ ਕਰਦੇ ਹੋਏ ਜਵਾਬਾਂ ਦਾ ਵਿਸ਼ਲੇਸ਼ਣ ਕਰਨ ਦੀ ਆਗਿਆ ਦਿੰਦਾ ਹੈ, ਜਿਸ ਨਾਲ ਪੀਲ ਵਿਦਿਆਰਥੀਆਂ ਬਾਰੇ ਵਧੇਰੇ ਸਮਝ ਹਾਸਲ ਹੁੰਦੀ ਹੈ। ਕੋਈ ਨਿੱਜੀ ਪਛਾਣ-ਜਿਵੇਂ ਕਿ ਵਿਦਿਆਰਥੀ ਦਾ ਨਾਂ ਜਾਂ ਆਈਡੀ ਨੰਬਰ-ਇਹ ਯਕੀਨੀ ਬਣਾਉਣ ਲਈ ਪ੍ਰਸ਼ਨਾਵਲੀ ਤੇ ਨਹੀਂ ਦਿੱਤਾ ਜਾਵੇਗਾ ਕਿ ਮਾਪਿਆਂ/ਸਰਪ੍ਰਸਤਾਂ ਦੁਆਰਾ ਮੁਹੱਈਆ ਕੀਤੀ ਗਈ ਜਾਣਕਾਰੀ ਗੁਪਤ ਰਹੇ।

**ਗਣਨਾ ਡੇਟਾ ਕਿਵੇਂ ਵਰਤਿਆ ਜਾਏਗਾ?**

ਇਕ ਵਾਰ ਜਦੋਂ ਜਵਾਬਾਂ ਨੂੰ ਪ੍ਰੋਸੈਸ ਕੀਤਾ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਪੀਲ ਬੋਰਡ ਦਾ ਰਿਸਰਚ ਡਿਪਾਰਟਮੈਂਟ ਪ੍ਰੋਗਰਾਮਾਂ ਅਤੇ ਹਦਾਇਤਾਂ ਦੇ ਲਈ ਬੋਰਡ ਅਤੇ ਸਕੂਲ ਦੇ ਫੈਸਲੇ ਨੂੰ ਸੂਚਿਤ ਕਰਨ ਵਿੱਚ ਮਦਦ ਲਈ ਰਿਪੋਰਟਾਂ ਦੀ ਲੜੀ ਤਿਆਰ ਕਰੇਗਾ। ਸੰਖੇਪ ਡੇਟਾ ਵੀ ਕਮਿਊਨਿਟੀ ਭਾਈਵਾਲਾਂ ਅਤੇ ਸਰਕਾਰੀ ਏਜੰਸੀਆਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ ਤਾਂ ਕਿ ਉਹ ਆਪਣੇ ਭਾਈਚਾਰਿਆਂ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਨ ਲਈ ਆਪਣੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਵਿਚ ਮਦਦ ਕਰ ਸਕਣ। ਡੇਟਾ ਰਿਪੋਰਟਾਂ ਜਾਂ ਵਿਸ਼ਲੇਸ਼ਣ ਕਦੇ ਵੀ ਕਿਸੇ ਵਿਦਿਆਰਥੀ ਬਾਰੇ ਨਹੀਂ ਦਸਣਗੇ। ਕਾਨੂੰਨ ਦੁਆਰਾ, ਪੀਲ ਬੋਰਡ ਗਣਨਾ ਮੁਕੰਮਲ ਕਰਨ ਵਾਲੇ ਕਿਸੇ ਵੀ ਵਿਦਿਆਰਥੀ/ਮਾਤਾ-ਪਿਤਾ ਦੀ ਵਿਅਕਤੀਗਤ ਜਾਣਕਾਰੀ ਪ੍ਰਗਟ ਨਹੀਂ ਕਰ ਸਕਦਾ।